# ਦਫਤਰ ਮੁੱਖ ਚੋਣ ਅਫਸਰ, ਪੰਜਾਬ

## ਐਸ. ਸੀ. ਓ. 29-32 , ਸੈਕਟਰ 17- ਈ, ਚੰਡੀਗੜ੍ਹ

ਉਪਰੋਕਤ ਦਫਤਰ ਨੂੰ ਮਿਤੀ 4 ਫਰਵਰੀ ਅਤੇ 9 ਫਰਵਰੀ, 2017 ਨੂੰ ਪੰਜਾਬ ਰਾਜ ਦੀ ਵਿਧਾਨ ਸਭਾ ਦੀਆਂ ਆਮ ਚੋਣਾਂ, 2017 ਦੇ ਸਬੰਧ ਵਿੱਚ ਆਮ ਜਨਤਾ ਜਾਂ ਚੋਣ ਅਧਿਕਾਰੀਆਂ/ਕਰਮਚਾਰੀਆਂ ਨੂੰ ਜਾਗਰੂਕ ਜਾਂ ਉਤਸ਼ਾਹਿਤ ਕਰਨ, ਚੋਣ ਪ੍ਰਕਿਰਿਆ ਨੂੰ ਦਰਸਾਉਣ ਵਾਲੇ ਫੋਟੋਗ੍ਰਾਫ ਦੀ ਜ਼ਰੂਰਤ ਹੈ। ਇਹ ਫੋਟੋਗ੍ਰਾਫ ਕਿਸੇ ਵੀ ਨਾਗਰਿਕ ਦੁਆਰਾ ਉਪਰੋਕਤ ਦਫਤਰ ਵਿੱਚ ਭੇਜੇ ਜਾ ਸਕਦੇ ਹਨ।ਫੋਟੋਗ੍ਰਾਫ ਪ੍ਰਾਪਤ ਕਰਨ ਮਗਰੋਂ ਇਨ੍ਹਾਂ ਵਿੱਚੋਂ ਬੈਸਟ ਫੋਟੋਗ੍ਰਾਫ ਦੀ ਚੋਣ ਕੀਤੀ ਜਾਵੇਗੀ ਅਤੇ ਫੋਟੋਗ੍ਰਾਫ ਭੇਜਣ ਵਾਲੇ ਨੂੰ ਅਵਾਰਡ ਦਿੱਤਾ ਜਾਵੇਗਾ, ਜਿਸ ਦਾ ਵੇਰਵਾ ਹੇਠ ਦਿੱਤੇ ਅਨੁਸਾਰ ਹੈ:-

| Sr. No. | Category of Award | Amount of Award |
|---|---|---|
| 1. | First Prize | Rs. 10,000 |
| 2. | Second Prize | Rs. 5,000 |
| 3. | Third Prize | Rs. 3,000 |
| 4. | 5 Consolation Prizes | Rs. 1,000 each |

ਉਕਤ ਫੋਟੋਗ੍ਰਾਫ ਭੇਜਣ ਲਈ ਹੇਠ ਦਿੱਤੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:-

1. ਹਾਰਡ ਕਾਪੀ ਦੇ ਨਾਲ-ਨਾਲ ਫੋਟੋਗ੍ਰਾਫ ਦੀ ਸੋਫਟ ਕਾਪੀ ਵੀ ਇਸ ਦਫਤਰ ਦੀ ਈ-ਮੇਲ ਆਈਡੀ **sveeppunjab elections2017@gmail.com** ਤੇ ਜ਼ਰੂਰ ਭੇਜੀ ਜਾਵੇ। ਫੋਟੋਗ੍ਰਾਫ jpg/jpeg format ਵਿੱਚ high resolution image (minimum 300dpi) ਦੇ ਵਿੱਚ ਭੇਜੇ ਜਾਣ। ਫੋਟੋਗ੍ਰਾਫ ਤੇ ਅੰਗਰੇਜ਼ੀ ਭਾਸ਼ਾ ਵਿੱਚ ਢੁੱਕਵਾਂ **caption** ਵੀ ਦਿੱਤਾ ਜਾਵੇ ਕਿ ਫੋਟੋਗ੍ਰਾਫ ਕੀ ਦਰਸਾਉਂਦੀ ਹੈ?
2. ਪ੍ਰਾਪਤ ਕੀਤੇ ਜਾਣ ਵਾਲੇ ਫੋਟੋਗ੍ਰਾਫ ਨੂੰ, ਲੋੜ ਅਨੁਸਾਰ ਵਰਤਣ ਦਾ ਪੂਰਾ ਅਧਿਕਾਰ ਉਪਰੋਕਤ ਦਫਤਰ ਨੂੰ ਹੋਵੇਗਾ।
3. ਪ੍ਰਾਪਤ ਹੋਏ ਫੋਟੋਗ੍ਰਾਫ ਵਿੱਚੋਂ ਬੈਸਟ ਫੋਟੋਗ੍ਰਾਫ ਦੀ ਚੋਣ ਕਰਨ ਦਾ ਪੂਰਾ ਅਧਿਕਾਰ ਇਸ ਦਫਤਰ ਵੱਲੋਂ ਬਣਾਈ ਵਿਭਾਗੀ ਕਮੇਟੀ ਨੂੰ ਹੋਵੇਗਾ, ਜਿਸ ਦਾ ਫੈਸਲਾ ਹੀ ਆਖਰੀ ਫੈਸਲਾ ਮੰਨਿਆ ਜਾਵੇਗਾ।
4. ਫੋਟੋਗ੍ਰਾਫ ਭੇਜਣ ਵਾਲੇ ਨੂੰ ਫੋਟੋਗ੍ਰਾਫ ਨੂੰ ਸ਼ੇਅਰ ਕਰਨ ਦਾ ਇੱਕਲੇ ਤੌਰ ਤੇ ਅਧਿਕਾਰ ਹੋਣਾ ਚਾਹੀਦਾ ਹੈ।
5. ਉਪਰੋਕਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ, ਚਾਹਵਾਨ ਨਾਗਰਿਕਾਂ ਵੱਲੋਂ ਫੋਟੋਗ੍ਰਾਫ ਮਿਤੀ 6 ਮਾਰਚ, 2017 ਨੂੰ ਸ਼ਾਮ 5:00 ਵਜੇ ਤੱਕ ਹਰ ਹਾਲਤ ਵਿੱਚ ਉਪਰੋਕਤ ਦਫਤਰ ਨੂੰ ਭੇਜ਼ ਦਿੱਤੇ ਜਾਣ।ਇਸ ਤੋਂ ਬਾਅਦ ਪ੍ਰਾਪਤ ਹੋਏ ਫੋਟੋਗ੍ਰਾਫ ਨੂੰ ਅਵਾਰਡ ਦੀ ਚੋਣ ਕਰਨ ਲਈ ਸ਼ਾਮਲ ਨਹੀਂ ਕੀਤਾ ਜਾਵੇਗਾ।
6. ਕਿਸੇ ਵੀ ਤਰ੍ਹਾਂ ਦੇ ਵਿਵਾਦ ਦੀ ਸਥਿਤੀ ਵਿੱਚ, ਮੁੱਖ ਚੋਣ ਅਫਸਰ, ਪੰਜਾਬ ਨੂੰ ਆਖਰੀ ਫੈਸਲਾ ਲੈਣ ਦਾ ਹੱਕ ਹੋਵੇਗਾ।